International Journal of Engineering, Management and Humanities (IJEMH)
Volume 2, Issue 2, pp: 18-21 www.ijemh.com

# ਪੰਜਾਬੀ ਲੋਕ ਗਾਥਾਵਾਂ ਵਿੱਚ ਹਾਸ਼ੀਆਕ੍ਰਿਤ ਦੀ ਪੇਸ਼ਕਾਰੀ

**ਅਮਨਪ੍ਰੀਤ ਕੌਰ ਢੀਂਡਸਾ**

**ਅਸਿਸਟੈਂਟ ਪ੍ਰੋਫੈਸਰ**

**ਪੰਜਾਬੀ ਵਿਭਾਗ**

**ਪਟੇਲ ਮੈਮੋਰੀਅਲ ਨੈਸ਼ਨਲ ਕਾਲਜ,ਰਾਜਪੁਰਾ।**

Date of Submission: 07-03-2021 Date of Acceptance: 20-03-2021

ਅੰਗਰੇਜ਼ੀ ਸ਼ਬਦ Sabaltern ਅਨੁਵਾਦ ਹੋ ਕੇ ਪੰਜਾਬੀ ਵਿੱਚ ਹਾਸ਼ੀਆਕ੍ਰਿਤ ਬਣ ਗਿਆ। ਸ਼ੁਰੂਆਤ ਵਿੱਚ ਇਹ ਸ਼ਬਦ ਗ਼ੁਲਾਮਾਂ ਲਈ ਵਰਤਿਆ ਗਿਆ । ਅਰਥ ਵਿਕਾਸ ਦੌਰਾਨ ਗ਼ੁਲਾਮਾਂ ਤੋਂ ਮਿਲਟਰੀ ਦੇ ਛੋਟੇ ਰੈਂਕਾਂ, ਫਿਰ ਸ਼ੋਸ਼ਿਤ ਸ਼੍ਰੇਣੀਆਂ ਤੇ ਸਮਕਾਲ ਵਿੱਚ ਇਸਦੀ ਵਰਤੋਂ ਦਲਿਤ , ਨਿਮਨ ਕਿਸਾਨੀ ਤੇ ਔਰਤ ਤਿੰਨੋਂ ਸਮਾਜਿਕ ਵਰਗਾਂ ਲਈ ਹੋ ਰਹੀ ਹੈ , ਜਿਨ੍ਹਾਂ ਨੂੰ ਈਲੀਟ ਵਰਗ ਦੁਆਰਾ ਦਮਿਤ ਕੀਤਾ ਗਿਆ ਹੈ ਤੇ ਕੀਤਾ ਜਾ ਰਿਹਾ ਹੈ। ਮਨੁੱਖੀ ਸਮਾਜ ਦੇ ਅਰੰਭ ਤੋਂ ਹੁਣ ਤੱਕ ਜਿਸਦੇ ਹੱਥ ਤਾਕਤ ਰਹੀ ਹੈ , ਉਹ ਤਾਕਤਹੀਣ ਵਰਗ ਨੂੰ ਹਾਸ਼ੀਏ 'ਤੇ ਧੱਕਦਾ ਰਿਹਾ ਹੈ । ਵਿਦਵਾਨਾਂ ਵੱਲੋਂ ਵਿਚਾਰਿਆ ਹਾਸ਼ੀਆਕ੍ਰਿਤ ਦਾ ਸੰਕਲਪ ਇਸੇ ਵਰਤਾਰੇ ਦੀ ਪੇਸ਼ੀਨਗੋਈ ਕਰਦਾ ਹੈ । ਸਬਾਲਟਰਨ ਨੂੰ ਪਰਿਭਾਸ਼ਿਤ ਕਰਦਿਆਂ ਡਾ. ਸੁਰਜੀਤ ਸਿੰਘ ਲਿਖਦੇ ਹਨ ," ਸੰਸਾਰ ਵਿੱਚ ਸਬਾਲਟਰਨ ਸਮੂਹਾਂ ਦੀ ਨਿਸ਼ਾਨਦੇਹੀ ਅਤੇ ਉਨ੍ਹਾਂ ਦੇ ਅਧਿਐਨ ਦੀ ਪਰੰਪਰਾ ਵਿੱਚ ਅਜਿਹੇ ਸਮੂਹਾਂ ਨੂੰ ਸਬਾਲਟਰਨ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ , ਜਿਹੜੇ ਇਤਿਹਾਸਕਾਰੀ ਵਿੱਚੋਂ ਗ਼ੈਰਹਾਜ਼ਰ ਜਾਂ ਹਾਸ਼ੀਆਗਤ ਹੋਂਦ ਰੱਖਦੇ ਹਨ , ਖ਼ਾਮੋਸ਼ ਕਰ ਦਿੱਤੇ ਜਾਂਦੇ ਹਨ , ਜਿਨ੍ਹਾਂ ਕੋਲ ਆਪਣੇ ਅਨੁਭਵ , ਕਾਰਜ , ਸੋਚ , ਦ੍ਰਿਸ਼ਟੀ ਅਤੇ ਹੁੰਗਾਰੇ ਨੂੰ ਪ੍ਰਗਟ ਕਰਨ ਲਈ ਉਹ ਸੰਦ ਸਾਧਨ ਨਹੀਂ ਜਿਸ ਨਾਲ ਉਹ ਆਪਣੀ ਹੋਂਦ ਰਜਿਸਟਰ ਕਰਵਾ ਸਕਣ । ਅਜਿਹੇ ਸਮੂਹ ਜਿਹੜੇ ਸਮਾਜਿਕ , ਰਾਜਨੀਤਿਕ ਜਾਂ ਭੂਗੋਲਿਕ ਤੌਰ 'ਤੇ ਹੈਜਮੌਨਿਕ ਸ਼ਕਤੀ ਸੰਰਚਨਾ ਵਿੱਚੋਂ ਬਾਹਰ ਧੱਕ ਦਿੱਤੇ ਗਏ ਹਨ ।"1

ਪੰਜਾਬੀ ਲੋਕ ਗਾਥਾਵਾਂ 'ਤੇ ਨਜ਼ਰਸਾਨੀ ਕਰਨ ਪਿੱਛੋਂ ਹਾਸ਼ੀਆਕ੍ਰਿਤ ਸ਼੍ਰੇਣੀ ਦੇ ਕਈ ਪਹਿਲੂ ਉੱਭਰ ਕੇ ਸਾਹਮਣੇ ਆਉਂਦੇ ਹਨ । ਪਹਿਲਾ ਸਾਧਨ ਸੰਪੰਨ ਵਰਗ ਦੁਆਰਾ ਹਾਸ਼ੀਆਕ੍ਰਿਤ ਸ਼੍ਰੇਣੀ ਦਾ ਦਮਨ ਹੈ , ਜੋ ਔਰਤ , ਦਲਿਤ ਤੇ ਨਿਮਨ ਕਿਸਾਨੀ ਤਿੰਨਾਂ ਪੱਖਾਂ ਤੋਂ ਰੂਪਮਾਨ ਹੁੰਦਾ ਹੈ ।

'ਪੂਰਨ ਭਗਤ ' ਦੀ ਲੋਕਗਾਥਾ ਵਿੱਚ 'ਲੂਣਾ' ਦਾ ਪਾਤਰ ਪਿਤਰਕੀ ਸੱਤਾ ਵਿੱਚ ਔਰਤ ਦੀ ਹਾਸ਼ੀਆਕ੍ਰਿਤ ਹੋਂਦ ਨੂੰ ਪ੍ਰਤਿਬਿੰਬਤ ਕਰਦਾ ਹੈ। ਇੱਕ ਔਰਤ ਨੂੰ ਉਸਦੀ ਮਰਜ਼ੀ ਖ਼ਿਲਾਫ਼ , ਉਸਦੇ ਬਾਪ ਦੀ ਉਮਰ ਦੇ ਮਰਦ ਨਾਲ ਵਿਆਹ ਦਿੱਤਾ ਜਾਂਦਾ ਹੈ। ਇਸ ਅਣਜੋੜਤਾ ਦਾ ਸਿੱਟਾ 'ਲੂਣਾ' ਦੇ ਆਪਣੇ ਹਾਣੀ , ਪਰ ਰਿਸ਼ਤੇ ਵਿੱਚ ਪੁੱਤ ਲੱਗਦੇ ਪੂਰਨ ਵੱਲ ਉਲਾਰਤਾ ਦੇ ਰੂਪ ਵਿੱਚ ਨਿਕਲ਼ਦਾ ਹੈ , ਜਿਸਨੂੰ ਇਸ ਲੋਕਗਾਥਾ ਦੇ ਜ਼ਰੀਏ ਘ੍ਰਿਣਿਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਲੂਣਾ ਦੀ ਚਰਿੱਤਰਹੀਣ ਪੇਸ਼ਕਾਰੀ ਪੂਰਨ ਨੂੰ ਚਰਿੱਤਰਵਾਨ ਬਣਾ ਦਿੰਦੀ ਹੈ । " ਗ੍ਰੇਮਾਸ ਨੇ ਦੁਵੱਲੇ ਵਿਰੋਧ ਦੇ ਮਾਡਲ ਦੇ ਆਧਾਰ 'ਤੇ ਹੀ 'ਅਰਥ' ਦਾ ਸੰਕਲਪ ਪੇਸ਼ ਕੀਤਾ ਹੈ । ਉਸ ਅਨੁਸਾਰ , ਇੱਕ ਪਦ-ਵਸਤੂ ਅਰਥ ਰਹਿਤ ਹੁੰਦੀ ਹੈ। ਇਸ ਦੀ ਸਾਰਥਕਤਾ ਦੂਜੀਆਂ ਵਸਤਾਂ ਦੇ ਸੰਬੰਧ ਵਿੱਚ ਦੁਵੱਲੇ ਵਿਰੋਧ ਨੂੰ ਗ੍ਰਹਿਣ ਕਰਨ ਵਿੱਚ ਨਿਹਿਤ ਹੈ ।"2 ਇਸਦੇ ਅਨੁਸਾਰ ਹੀ ਲੂਣਾ ਦੇ ਜਤ-ਸਤ ਤੋਂ ਡਿੱਗਣ ਕਾਰਨ ਹੀ ਪੂਰਨ ਭਗਤ ਦਾ ਜਤ-ਸਤ ਕਾਇਮ ਹੁੰਦਾ ਹੈ। ਜੇ ਇਸ ਲੋਕਗਾਥਾ ਵਿੱਚੋਂ ਲੂਣਾ ਦਾ ਪਾਤਰ ਮਨਫ਼ੀ ਕਰ ਦਿੱਤਾ ਜਾਵੇ , ਤਾਂ ਪੂਰਨ ਦੇ ਵੀ ਕੋਈ ਅਰਥ ਨਹੀਂ ਰਹਿ ਜਾਂਦੇ। ਉਸਦੀ ਸਦਾਚਾਰਕਤਾ ਉਦੋਂ ਤੱਕ ਹੀ ਹੈ , ਜਦੋਂ ਤੱਕ ਉਸਦੇ ਵਿਰੋਧ ਵਿੱਚ ਲੂਣਾ ਦੀ ਅਸਦਾਚਾਰਕਤਾ ਪਈ ਹੈ । ਇਸ ਤੱਥ ਤੋਂ 'ਲੂਣਾ' ਦਾ ਪਾਤਰ 'ਪੂਰਨ' ਭਾਵ ਮਰਦ ਜਮਾਤ ਦੇ ਉੱਚੇ ਰੁਤਬੇ ਨੂੰ ਪ੍ਰਗਟਾਉਣ ਲਈ ਹੀ ਘੜਿਆ ਜਾਪਦਾ ਹੈ।

ਇਨ੍ਹਾਂ ਲੋਕਗਾਥਾਵਾਂ ਦਾ ਇੱਕ ਸਾਂਝਾ ਪਹਿਲੂ ਔਰਤ ਦੀ ਬੁਰਾਈ ਕਰਨਾ ਵੀ ਹੈ। 'ਲੂਣਾ' ਦੇ ਪਾਤਰ ਰੂਪ ਵਿੱਚ ਔਰਤ ਨੂੰ ਚਰਿੱਤਰ ਪੱਖੋਂ ਨਿੰਦਿਆ ਗਿਆ ਹੈ , 'ਹੀਰ' ਦੇ ਰੂਪ ਵਿੱਚ ਮਾਪਿਆਂ ਦੀ ਕਸੂਰਵਾਰ ਠਹਿਰਾਇਆ ਗਿਆ ਹੈ , 'ਸਾਹਿਬਾ' ਦੇ ਰੂਪ ਵਿੱਚ ਇਸ਼ਕ ਵਿੱਚ ਗੱਦਾਰੀ ਕਰਨ ਵਾਲੀ , ਸੁੱਚੇ ਦੇ ਵੱਡੇ ਭਰਾ ਨਰੈਣੇ ਦੀ ਵਹੁਟੀ 'ਬੀਰੋ' ਦੇ ਰੂਪ ਵਿੱਚ ਪਤਨੀ-ਧਰਮ ਨਾ ਨਿਭਾਉਣ ਵਾਲੀ ਦਰਸਾ ਕੇ ਉਸਦੇ ਦੋਸ਼ ਹੀ ਉਘਾੜੇ ਗਏ ਹਨ।

ਹੀਰ ਰਾਂਝੇ ਨਾਲ ਵਿਆਹ ਕਰਾਉਣਾ ਚਾਹੁੰਦੀ ਹੈ , ਤਾਂ ਹੀਰ ਨੂੰ ਤਾਹਨੇ-ਮਿਹਣੇ ਦਿੱਤੇ ਜਾਂਦੇ ਹਨ ਕਿ ਉਸਨੇ ਖ਼ਾਨਦਾਨ ਦਾ ਨੱਕ ਵਢਾ ਦਿੱਤਾ। ਦੂਜੇ ਪਾਸੇ ਰਾਂਝਾ ਵੀ ਹੀਰ ਨਾਲ ਇਸ਼ਕ ਕਰਦਾ ਹੈ , ਉਸਨੂੰ ਸਹੁਰਿਆਂ ਦੇ ਘਰ ਤੋਂ ਉਧਾਲ਼ ਕੇ ਲੈ ਜਾਂਦਾ ਹੈ ; ਪਰ ਇਸ ਲਈ ਉਸਨੂੰ ਕੋਈ ਮਿਹਣਾ ਨਹੀਂ ਦਿੱਤਾ ਜਾਂਦਾ। ਇਹ ਸਥਿਤੀ ਵੀ ਪਿੱਤਰਕੀ ਸੱਤਾ ਵਾਲੇ ਸਮਾਜ ਵਿੱਚ ਔਰਤ ਦੇ ਦਮਿਤ ਸਥਾਨ ਦੀ ਹੈ। ਇਸੇ ਤਰ੍ਹਾਂ 'ਮਿਰਜ਼ਾ ਸਾਹਿਬਾ ' ਦੇ ਕਿੱਸੇ ਵਿੱਚ ਵੀ ਜੇ ਸਾਹਿਬਾ ਆਪਣੇ ਭਰਾਵਾਂ ਨੂੰ ਬਚਾਉਣ ਲਈ ਮਿਰਜ਼ੇ ਦੇ ਤੀਰ ਤੋੜ ਦਿੰਦੀ ਹੈ , ਤਾਂ ਉਸਨੂੰ ਇਸ਼ਕ ਵਿੱਚ ਦਗ਼ਾ ਕਰਨ ਵਾਲੀ ਕਰਾਰ ਦੇ ਕੇ ਸਦੀਆਂ ਤੋਂ ਭੰਡਿਆ ਗਿਆ ਹੈ। ਜੇ ਇਹ ਤੀਰ ਨਾ ਤੋੜਦੀ ਤੇ ਭਰਾਵਾਂ ਨੂੰ ਮਰਵਾ ਦਿੰਦੀ , ਤਾਂ ਨਿੰਦਿਆ ਫੇਰ ਵੀ ਸਾਹਿਬਾ ਦੀ ਹੀ ਹੋਣੀ ਸੀ। ਸਾਹਿਬਾ ਦੇ ਰੂਪ ਵਿੱਚ ਹਾਸ਼ੀਏ 'ਤੇ ਪਈ ਔਰਤ ਆਸ਼ਕ ( ਮਿਰਜ਼ਾ ) ਤੇ ਭਰਾਵਾਂ ਦੇ ਰਿਸ਼ਤਿਆਂ ਦੇ ਦੋ ਪੁੜਾਂ ਵਿੱਚ ਪੀਸੀ ਜਾਂਦੀ ਹੈ।

ਔਰਤ ਹਾਸ਼ੀਏ 'ਤੇ ਤਾਂ ਹੈ ਹੀ , ਇਹੀ ਔਰਤ ਜੇ ਦਲਿਤ ਤਬਕੇ ਨਾਲ ਸੰਬੰਧਿਤ ਹੋਵੇ , ਤਾਂ ਸਮਾਜ ਵਿੱਚ ਇਸਦੀ ਹਾਲਤ ਹੋਰ ਵੀ ਤਰਸਯੋਗ ਬਣ ਜਾਂਦੀ ਹੈ। ' ਕਾਕਾ ਪਰਤਾਪੀ ' ਦੀ ਲੋਕਗਾਥਾ ਸਮਾਜ ਵੱਲੋਂ ਕੀਤੀ ' ਦਲਿਤ ' ਨਾਮੀ ਅਖੌਤੀ ਵਰਗਵੰਡ ਨਾਲ ਸੰਬੰਧਿਤ ' ਪਰਤਾਪੀ ' ਦੀ ਦਰਦਨਾਕ ਹੋਣੀ ਦਾ ਬਿਆਨ ਹੈ। ਜਿਸਦਾ ਇਸ਼ਕ ਇਸ ਕਰਕੇ ਪ੍ਰਵਾਨ ਨਹੀਂ ਕਿ ਉਹ ਗ਼ਰੀਬ ਤਬਕੇ ਨਾਲ਼ ਸੰਬੰਧਿਤ ਹੈ ; ਜਦੋਂ ਕਿ ਕਾਕਾ ਜਗੀਰਦਾਰ ਪਰਿਵਾਰ ਨਾਲ਼ ਸੰਬੰਧ ਰੱਖਦਾ ਹੈ। ' ਪਰਤਾਪੀ ' ਦਾ ਇਸ਼ਕ ਅਪ੍ਰਵਾਨ ਹੀ ਨਹੀਂ , ਇਸ ਇਸ਼ਕ ਦੇ ਬਦਲੇ ਉਸਦੇ ਟੋਟੇ-ਟੋਟੇ ਕਰਵਾ ਕੇ ਜ਼ਮੀਨ ਵਿੱਚ ਦੱਬ ਦਿੱਤੇ ਜਾਂਦੇ ਹਨ। ਇਹ ਲੋਕਗਾਥਾ ਅਮੀਰ ਜਮਾਤ ਵੱਲੋਂ ਗ਼ਰੀਬ ਜਮਾਤ ਨਾਲ਼ ਕੀਤੇ ਜਾਂਦੇ ਧੱਕੇ ਦੀ ਮੂੰਹ- ਬੋਲਦੀ ਤਸਵੀਰ ਹੈ। ' ਪਰਤਾਪੀ ' ਦੇ ਕਤਲ਼ ਤੋਂ ਇਲਾਵਾ , ' ਰਾਮ ਰਤਨ ' ਦੀ ਪਤਨੀ ਬਣੀ ' ਪਰਤਾਪੀ ' ਨੂੰ ਲੈ ਆਉਣਾ , ਕਾਹਨ ਸਿੰਘ ਜ਼ੈਲਦਾਰ ਦੇ ਘਰ ' ਪਰਤਾਪੀ ' ਦੀ ਤਲਾਸ਼ੀ ਵਾਸਤੇ ਆਈ ਪੁਲੀਸ ਨੂੰ ਪੈਸੇ ਦੇ ਕੇ ਤੋਰ ਦੇਣ ਦੀਆਂ ਘਟਨਾਵਾਂ ਮੇਨ ਸਟ੍ਰੀਮ ਦੀ ਧੱਕੇਸ਼ਾਹੀ ਦੀ ਮਿਸਾਲ ਹਨ ; " ਰਾਮ ਰਤਨ ਬੈਲਗੱਡੀ ਵਿੱਚ ਪਰਤਾਪੀ ਨੂੰ ਲਈ ਜਾ ਰਿਹਾ ਸੀ ਕਿ ਕਾਕੇ ਨੇ ਆਪਣੇ ਕੁਝ ਬਦਮਾਸ਼ ਲਏ ਤੇ ਗੱਡੀ ਢੱਕੀ ਵਿੱਚ ਜਾ ਘੇਰੀ। ਨਾਲ਼ ਆਏ ਬਰਾਤੀ ਕੁੱਟ- ਕੁੱਟ ਕੇ ਭਜਾ ਦਿੱਤੇ ਤੇ 'ਪਰਤਾਪੀ ' ਨੂੰ ਸਣੇ ਗੱਡੀ ਆਪਣੇ ਪਿੰਡ ਰੁਪਾਲੋਂ ਲੈ ਆਇਆ। ... . .. . .... ਰੁਪਾਲੋਂ ਪੁਲੀਸ ਆਈ। ਕਾਹਨ ਸਿੰਘ ਜ਼ੈਲਦਾਰ ਦੀ ਇੱਜ਼ਤ ਦਾ ਸਵਾਲ ਸੀ। ਕਾਕੇ ਨੇ ਪਰਤਾਪੀ ਨੂੰ ਕਿਧਰੇ ਹੋਰ ਤੋਰ ਦਿੱਤਾ। ਘਰ ਦੀ ਤਲਾਸ਼ੀ ਹੋਈ । ਚਾਂਦੀ ਦੇ ਛਣਕਦੇ ਰੁਪਿਆ ਨਾਲ਼ ਜ਼ੈਲਦਾਰ ਦੀ ਇੱਜ਼ਤ ਬਚਾ ਲਈ ਗਈ। ਪਰਤਾਪੀ ਬਰਾਮਦ ਨਾ ਹੋ ਸਕੀ। ਰਾਮ ਰਤਨ ਸਬਰ ਦਾ ਘੁੱਟ ਭਰ ਕੇ ਬਹਿ ਗਿਆ। "੩

ਲੋਕਗਾਥਾਵਾਂ ਵਿੱਚੋਂ ਦਲਿਤਾਂ ਨਾਲ ਹੁੰਦੇ ਅਸੱਭਿਆਕ ਵਿਹਾਰ ਦੀਆਂ ਝਲਕਾਂ ਵੀ ਸਾਹਮਣੇ ਆਉਂਦੀਆਂ ਹਨ। 'ਹੀਰ-ਰਾਂਝੇ ਦੇ ਕਿੱਸੇ ਵਿੱਚ ਹੀਰ ਦੀ ਬੇੜੀ ਵਿੱਚ ਰਾਂਝੇ ਦੇ ਸੌਣ ਦੀ ਘਟਨਾ ਸਮੇਂ ਹੀਰ ਵੱਲੋਂ ਲੁੱਡਣ ( ਮਲਾਹ ) ਨਾਲ ਕੀਤੀ ਵਾਰਤਾਲਾਪ ਸੰਦਰਭਮਈ ਹੈ , ਜਦੋਂ ਹੀਰ ਕਹਿੰਦੀ ਹੈ ," ਬੁੱਢਿਆ ਤੂੰ ਦਾਈਆਂ ਕੋਲੋਂ ਢਿੱਡ ਲੁਕੋਨਾ ਏਂ , ਇਹ ਸਭ ਤੇਰੀ ਸ਼ਰਾਰਤ ਲੱਗਦੀ ਐ। ਤੂੰ ਉਹਤੋਂ ਮੇਰੀ ਸੇਜ 'ਤੇ ਸੌਣ ਦੇ ਪੈਸੇ ਬਟੋਰੇ ਹੋਣੇ ਨੇ। ਪਹਿਲਾਂ ਉਹਨੂੰ ਸੌਣ ਦਾ ਸੁਆਦ ਚਖਾ ਲਵਾਂ ਫੇਰ ਲੈਨੀ ਆਂ ਤੇਰੀ ਖ਼ਬਰ।"੪ ਦਲਿਤਾਂ ਨਾਲ਼ ਹੁੰਦੇ ਵਿਹਾਰ ਦਾ ਅੰਦਾਜ਼ਾ ਇੱਥੋਂ ਲਗਾਉਣਾ ਸੌਖਾ ਹੈ ਕਿ ਇੱਕ ਔਰਤ , ਜੋ ਖ਼ੁਦ ਹਾਸ਼ੀਏ 'ਤੇ ਵਿਚਰ ਰਹੀ ਹੈ , ਪਰ ਅਮੀਰ ਵਰਗ ਨਾਲ਼ ਸੰਬੰਧਿਤ ਹੋਣ ਕਾਰਨ ਜੇ ਉਹ ਨਿਮਨ ਵਰਗ ਨਾਲ਼ ਅਜਿਹਾ ਸਲੂਕ ਕਰਦੀ ਹੈ , ਤਾਂ ਮਰਦ ਜਾਤ ਜਿਸਦੀ ਸੱਤਾ 'ਤੇ ਵੀ ਕਾਇਮੀ ਹੈ , ਉਹ ਇਸ ਵਰਗ ਨਾਲ਼ ਕਿਵੇਂ ਪੇਸ਼ ਆਉਂਦਾ ਹੋਵੇਗਾ।

ਹਾਸ਼ੀਆਕ੍ਰਿਤ ਸ਼੍ਰੇਣੀ ਦਾ ਇੱਕ ਹੋਰ ਵਰਗ ਨਿਮਨ ਕਿਸਾਨੀ ਹੈ ; ਜਿਸਨੂੰ ਆਰਥਿਕ ਤੰਗੀ ਕਾਰਨ ਅਨੇੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। 'ਜਿਊਣਾ ਮੌੜ' ਤੇ 'ਸੁੱਚਾ ਸੂਰਮਾ ' ਦੀਆਂ ਲੋਕਗਾਥਾਵਾਂ ਕਿਸਾਨ ਪਰਿਵਾਰਾਂ ਨਾਲ਼ ਜੁੜੇ ਨਾਇਕਾਂ ਦੀਆਂ ਹਨ। ਕਿਸਾਨੀ ਦੀ ਇੱਕ ਸਮੱਸਿਆ , ਜਿਸਦੀ ਝਲਕ ' ਜਿਊਣਾ ਮੌੜ ' ਦੀ ਗਾਥਾ ਵਿੱਚੋਂ ਉੱਭਰਦੀ ਹੈ , ਉਹ ਹੈ , ਕਿਸਾਨਾਂ ਵੱਲੋਂ ਆਪਣੀ ਔਲਾਦ ਦਾ ਵਿਆਹ ਕਰਨਾ। ਇੱਥੇ ਸਮੱਸਿਆ ਔਲਾਦ ਦੇ ਵਿਆਹ ਵਿੱਚ ਨਹੀਂ , ਸਗੋਂ ਕਿਸਾਨਾਂ ਵੱਲੋਂ ਆਪਣੀ ਔਲਾਦ ਦੇ ਵਿਆਹ 'ਤੇ ਕੀਤੇ ਜਾਂਦੇ ਖ਼ਰਚ ਦੀ ਹੈ , ਜੋ ਕਿਸਾਨਾਂ ਵੱਲੋਂ ਆਪ ਪੈਦਾ ਕੀਤੀ ਆਖੀ ਜਾ ਸਕਦੀ ਹੈ।

ਇਸ ਸਮੱਸਿਆ ਦੇ ਜ਼ਿੰਮੇਵਾਰ ਕਿਸਾਨ ਆਪ ਹਨ , ਜੋ ਕਿਸੇ ਦੀ ਦੇਖਾਦੇਖੀ ਵਿਆਹਾਂ ਉੱਤੇ ਨਾਜਾਇਜ਼ ਖ਼ਰਚਾ ਕਰਕੇ ਕਰਜ਼ੇ ਦੀ ਸਮੱਸਿਆ ਨੂੰ ਜਨਮ ਦਿੰਦੇ ਹਨ। ਇੱਥੇ ਇਸ ਲੋਕਗਾਥਾ ਦੀਆਂ ਇਹ ਸਤਰਾਂ ਵਰਣਨਯੋਗ ਹਨ। "ਇੱਕ ਕੁੜੀ ਹੌਂਸਲਾ ਕਰਕੇ ਬੋਲੀ ' ਵੇ ਵੀਰਿਆ ਮੇਰੇ ਤਾਂ ਸਹੁਰੇ ਬੜੇ ਅਵੈੜੇ ਐ , ਉਹ ਤਾਂ ਮੇਰੇ ਹੱਡਾਂ 'ਚੋਂ ਟੂੰਮਾਂ ਕੱਢ ਲੈਣਗੇ। ਮੇਰੇ ਪਿਓਕੇ ਬੜੇ ਗ਼ਰੀਬ ਐ। ਉਨ੍ਹਾਂ 'ਚ ਦੁਬਾਰਾ ਟੂੰਮਾਂ ਘੜਾਉਣ ਦੀ ਪਰੋਖੋਂ ਨੀ। ਵੇ ਵੀਰਾ ਮੈਂ ਤੇਰੀ ਭੈਣ ਵਰਗੀ ਆਂ।"5

ਇੱਥੇ ਦੇਖਾਦੇਖੀ ਖ਼ਰਚ ਕਰਨਾ ਤੇ ਕੁੜੀ ਦੇ ਸਹੁਰਾ ਪਰਿਵਾਰ ਵੱਲੋਂ ਕਰਾਉਣਾ ਦੋਵੇਂ ਪੱਖ ਵਿਚਾਰਨਯੋਗ ਹਨ ; ਜਿਸਨੇ ਲੰਮੇ ਸਮੇਂ ਤੋਂ ਕਿਸਾਨੀ ਨੂੰ ਆਰਥਿਕ ਤੰਗੀ ਵਿੱਚ ਫਸਾਇਆ ਹੋਵੇ। ਸਰਕਾਰਾਂ ਵੱਲੋਂ ਵੀ ਇਸਦੀ ਰੋਕਥਾਮ ਲਈ ਕੋਈ ਉਪਰਾਲਾ ਨਹੀਂ ਕੀਤਾ ਗਿਆ।

ਵਿਆਹਾਂ ਉੱਤੇ ਖ਼ਰਚ ਤੋਂ ਇਲਾਵਾ ਆਰਥਿਕ ਤੰਗੀ ਕਾਰਨ ਆਪਣੇ ਬੱਚਿਆਂ ਦੇ ਵਿਆਹ ਨਾ ਕਰ ਸਕਣ ਦੀ ਸਮੱਸਿਆ ਤੋਂ ਵੀ ਇਹ ਲੋਕਗਾਥਾ ਸਨਮੁਖ ਕਰਵਾਉਂਦੀ ਹੈ। ਇੱਕ ਕਿਸਾਨ ਪਿਤਾ ਆਪਣੀ ਜਵਾਨ ਧੀ ਦਾ ਰਿਸ਼ਤਾ ਸਿਰਫ਼ ਇਸ ਲਈ ਕਰਨ ਤੋਂ ਅਸਮਰੱਥ ਹੈ , ਕਿ ਉਸ ਕੋਲ ਪੈਸੇ ਨਹੀਂ ਹਨ। ਇਹ ਪੱਖ ਉਦੋਂ ਪ੍ਰਤੱਖ ਹੁੰਦਾ ਹੈ ਜਦੋਂ ਜਿਊਣਾ ਇੱਕ ਜੱਟ ਨੂੰ ਜਵਾਨ ਧੀ ਦਾ ਵਿਆਹ ਕਰਨ ਬਾਰੇ ਪੁੱਛਦਾ ਹੈ ,"ਵਿਆਹੁਣ ਯੋਗ ਕੁੜੀ ਵੱਲ ਵੇਖ ਕੇ ਜਿਊਣੇ ਨੇ ਜੱਟ ਨੂੰ ਪੁੱਛਿਆ ," ਬਈ ਸਰਦਾਰਾ ਧੀ ਕਿਤੇ ਮੰਗੀ ਵਿਆਹੀ ਬੀ ਹੋਈ ਐ। " ਜੱਟ ਨੇ ਮਸੋਸਿਆ ਜਿਹਾ ਮੂੰਹ ਕਰਕੇ ਕਿਹਾ ," ਜਿਊਣ ਸਿਆਂ , ਅਸੀਂ ਧੀ ਵਿਆਹੁਣ ਜੋਗੇ ਕਿੱਥੇ ਆਂ , ਮਸੀਂ ਗੁਜ਼ਾਰਾ ਤੁਰਦੈ - ਸਾਰੀ ਪੈਲ਼ੀ ਮਾਰੂ ਆ। "6

ਪੈਸੇ ਪੱਖੋਂ ਰੱਜੇ-ਪੁੱਜੇ ਲੋਕਾਂ ਵੱਲੋਂ ਗ਼ਰੀਬ ਕਿਸਾਨ ਦੀ ਔਰਤ 'ਤੇ ਮਾੜੀ ਨਜ਼ਰ ਰੱਖਣਾ ਵੀ ਇੱਕ ਹੋਰ ਸਮੱਸਿਆ ਨੂੰ ਜਨਮ ਦਿੰਦਾ ਹੈ। ਇਸ ਵਿੱਚ ਅਮੀਰ ਦੇ ਨਾਲ-ਨਾਲ ਗ਼ਰੀਬ ਔਰਤਾਂ ਦੀ ਵੀ ਭਾਗੀਦਾਰੀ ਹੈ , ਜੋ ਪੈਸੇ ਦੇ ਲਾਲਚ ਵਿੱਚ ਰਿਸ਼ਤਿਆਂ ਦੀ ਪਰਵਾਹ ਨਹੀਂ ਕਰਦੀਆਂ। ਇਸ ਕਾਰਨ ਸਮਾਜ ਵਿੱਚ ਰਿਸ਼ਤਿਆਂ ਦੀ ਟੁੱਟ-ਭੱਜ ਤੇ ਗ਼ਰੀਬ ਬੰਦੇ ਦੀ ਦੁਖੀ ਮਾਨਸਿਕਤਾ ਦੁਆਰਾ ਇਸ ਨਮੋਸ਼ੀ ਨੂੰ ਨਾ ਝੱਲ ਸਕਣ ਕਾਰਨ ਕਤਲ਼ ਕਰਨ ਤੇ ਅਸਮਾਜਿਕ ਤੌਰ-ਤਰੀਕੇ ਅਪਣਾਉਣ ਦੀਆਂ ਵਾਰਦਾਤਾਂ ਸਾਹਮਣੇ ਆਉਂਦੀਆਂ ਹਨ : "ਘੁੱਕਰ ਨੇ ਵਟਾਈ ਪੱਗ ਦੀ ਲਾਜ ਨਾ ਰੱਖੀ। ਨਰੈਣੇ ਦਾ ਜੀਣਾ ਹਰਾਮ ਹੋ ਗਿਆ। ਸ਼ਰੇਆਮ ਉਹਦੀ ਵਹੁਟੀ ਘੁੱਕਰ ਦੇ ਘਰ ਵਸਦੀ ਪਈ ਸੀ। ਸੱਥ ਵਿੱਚ ਰੁਲ਼ਦੀ ਪੱਗ ਉਸ ਤੋਂ ਸਹਾਰੀ ਨਾ ਗਈ। ਉਸ ਨੇ ਛੋਟੇ ਵੀਰ ਸੁੱਚੇ ਨੂੰ ਖ਼ਤ ਲਿਖ ਕੇ ਸਾਰੇ ਹਾਲਾਤ ਤੋਂ ਜਾਣੂ ਕਰਵਾ ਦਿੱਤਾ।............ਘੁੱਕਰ ਮੱਲ ਨੂੰ ਗੋਲ਼ੀਆਂ ਨਾਲ ਭੁੰਨ ਕੇ ਸੁੱਚੇ ਨੇ ਭਾਗ ਨੂੰ ਆ ਘੇਰਿਆ ਤੇ ਉਸ ਦੇ ਗੋਲ਼ੀ ਮਾਰ ਦਿੱਤੀ। ਇਸ ਮਗਰੋਂ ਉਹਨੇ ਘਰੋਂ ਜਾ ਕੇ ਬੀਰੋ ਨੂੰ ਧੂਹ ਲਿਆਂਦਾ ਤੇ ਦੋਹਾਂ ਲੋਥਾਂ ਕੋਲ ਲਿਆ ਕੇ ਉਹਨੂੰ ਵੀ ਪਾਰ ਬੁਲਾ ਦਿੱਤਾ।"7

ਹਾਸ਼ੀਆਕ੍ਰਿਤ ਦੀ ਦਮਿਤ ਪੇਸ਼ਕਾਰੀ ਦੇ ਨਾਲ-ਨਾਲ ਪੰਜਾਬੀ ਲੋਕ-ਗਾਥਾਵਾਂ ਦਾ ਇੱਕ ਪਹਿਲੂ ਦਮਿਤ ਸ਼੍ਰੇਣੀ ਵੱਲੋਂ ਆਪਣੇ ਹੱਕਾਂ ਪ੍ਰਤਿ ਸੁਚੇਤ ਹੋ ਕੇ ਸਾਧਨ-ਸੰਪੰਨ ਵਰਗ ਨਾਲ ਟੱਕਰ ਹੈ। ਸੁੱਚੇ ਵੱਲੋਂ ਘੁੱਕਰ ਮੱਲ ਤੇ ਭਾਗ ਨੂੰ ਮਾਰਨਾ ਤੇ ਜਿਊਣੇ ਵੱਲੋਂ ਡਸਕੇ ਆਲੇ ਡੋਗਰ ਦਾ ਕਤਲ਼ ਕਰਕੇ ਆਪਣੇ ਭਰਾ ਕਿਸ਼ਨੇ ਦਾ ਬਦਲਾ ਲੈਣਾ ਇਸਦੀ ਗਵਾਹੀ ਭਰਦੇ ਹਨ। ਇੱਥੇ ਹੀ ਬਸ ਨਹੀਂ ਦੁੱਲ੍ਹਾ ਭੱਟੀ ਵੱਲੋਂ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਵਿਰੁੱਧ ਬਗ਼ਾਵਤ ਦਾ ਝੰਡਾ ਬੁਲੰਦ ਕਰਕੇ ਆਪਣੇ ਬਾਪ ਤੇ ਦਾਦੇ ਦੀ ਮੌਤ ਦਾ ਬਦਲਾ ਲੈਣ ਲਈ ਸ਼ਹਾਦਤ ਦਾ ਜਾਮ ਪੀਣਾ ਵੀ ਸ਼ਾਮਲ ਹੈ।

ਲੋਕਗਾਥਾਵਾਂ ਵਿੱਚੋਂ ਉੱਭਰਦਾ ਹਾਸ਼ੀਆਕ੍ਰਿਤ ਦਾ ਇੱਕ ਹੋਰ ਅਹਿਮ ਪਹਿਲੂ ਇਹ ਵੀ ਹੈ ਕਿ ਪੰਜਾਬ ਦਾ ਲੋਕ-ਨਾਇਕ ਵੀ ਹਾਸ਼ੀਆਕ੍ਰਿਤ ਵਰਗ ਨਾਲ ਹੀ ਸੰਬੰਧਿਤ ਰਿਹਾ ਹੈ। ਉਸਦਾ ਜਨਮ ਈਲੀਟ ਵਰਗ ਦਾ ਹੋ ਸਕਦਾ ਹੈ , ਪਰ ਨਾਇਕ ਉਹ ਉਦੋਂ ਬਣਿਆ , ਜਦੋਂ ਉਸਨੂੰ ਹਾਸ਼ੀਏ 'ਤੇ ਧੱਕਿਆ ਗਿਆ। ਹਾਸ਼ੀਏ 'ਤੇ ਹੋਣ ਦੇ ਬਾਵਜੂਦ ਵੀ ਸਦਾਚਾਰਕ ਕਦਰਾਂ-ਕੀਮਤਾਂ ਨਾਲ ਜੁੜੇ ਰਹਿਣਾ ਵੀ ਮਹੱਤਵਪੂਰਨ ਪਹਿਲੂ ਹੈ। ' ਪੂਰਨ ਭਗਤ ' ਦੀ ਲੋਕਗਾਥਾ ਵਿੱਚ ਪੂਰਨ ਨਾਇਕ ਉਦੋਂ ਬਣਦਾ ਹੈ ; ਜਦੋਂ ਉਹ ਲੂਣਾ ਦੀਆਂ ਲਾਲਸਾਵਾਂ ਵਿੱਚ ਨਾ ਫਸ ਕੇ ਆਪਣਾ ਪੁੱਤਰ ਧਰਮ ਨਿਭਾਉਂਦਾ ਹੈ। ਉਸਦੀ ਪ੍ਰਸਿੱਧੀ ਰਾਜਕੁਮਾਰ ਹੋਣ ਕਰਕੇ ਨਹੀਂ , ਸਗੋਂ ਆਪਣੇ ਜਤ-ਸਤ 'ਤੇ ਕਾਇਮ ਰਹਿਣ ਕਰਕੇ ਹੈ। ਸੁੱਚਾ ਨਾਇਕ ਉਦੋਂ ਹੈ , ਜਦੋਂ ਉਹ ਆਪਣੀ ਫ਼ੌਜ ਦੀ ਨੌਕਰੀ ਛੱਡ ਕੇ ਘੁੱਕਰ ਪਹਿਲਵਾਨ ਨੂੰ ਸਬਕ ਸਿਖਾਉਂਦਾ ਹੈ। ਜਿਊਣਾ ਉਦੋਂ ਨਾਇਕ ਹੈ , ਜਦੋਂ ਉਹ ਕਿਸਾਨੀ ਦੇ ਕੰਮਾਂ ਤੋਂ ਲਾਂਭੇ ਹੋ ਕੇ ਭਰਾ ਕਿਸ਼ਨੇ ਦਾ ਡੋਗਰ ਤੋਂ ਬਦਲਾ ਲੈਂਦਾ ਹੈ , ਗ਼ਰੀਬ ਦੀ ਮਦਦ ਕਰਦਾ ਹੈ। ਪੰਜਾਬੀ ਲੋਕ ਨਾਇਕ ਦੇ ਅਜਿਹੇ ਗੁਣਾਂ ਬਾਰੇ ਡਾ. ਜਸਵਿੰਦਰ ਸਿੰਘ ਲਿਖਦੇ ਹਨ ," ਪ੍ਰਚਲਿਤ ਮਰਿਆਦਾ ਦੀ ਪੈਰਵੀ , ਅੰਨ੍ਹੀ ਤਾਕਤ ਜਾਂ ਜਾਤੀ ਉਤਮਤਾ ਦੇ ਪੈਮਾਨੇ ਪੰਜਾਬੀ ਲੋਕਧਾਰਾਈ ਨਾਇਕ ਦੇ ਪ੍ਰਤਿਮਾਨ ਨਹੀਂ। ਪੰਜਾਬੀ ਲੋਕਧਾਰਾ ਦੇ

International Journal of Engineering, Management and Humanities (IJEMH)
Volume 2, Issue 2, pp: 18-21 www.ijemh.com

ਨਾਇਕ ਉੱਤਮ ਮਨੁੱਖੀ ਗੁਣਾਂ ਅਤੇ ਸਮੂਹਿਕ ਉੱਚੇ ਮਾਨਵੀ ਉੱਦਮਾਂ ਦੇ ਚਿੰਨ੍ਹਕ ਹਨ। " 8

ਲੋਕ ਨਾਇਕ ਉਹ ਉਦੋਂ ਹੈ , ਜਦੋਂ ਉਸਦੇ ਕਾਰਜ ਲੋਕ-ਪੱਖੀ ਹਨ । ਅਮੀਰਾਂ ਦਾ ਵਿਰੋਧੀ ਤੇ ਗ਼ਰੀਬਾਂ ਦਾ ਪੱਖੀ ਹੋਣ ਦੀ ਵਿਸ਼ੇਸ਼ਤਾ ਵੀ ਲੋਕਗਾਥਾਵਾਂ ਵਿੱਚੋਂ ਉੱਭਰਦੀ ਹੈ । ਜਿਵੇਂ ਜਿਉਣਾ ਮੌੜ ਦੀ ਲੋਕਗਾਥਾ ਵਿੱਚ ਕਿਸ਼ਨਾ ਤੇ ਜਿਊਣਾ ਦੋਵੇਂ ਭਰਾ ਨਿਮਨ ਕਿਸਾਨੀ ਦੇ ਹਾਸ਼ੀਆਕ੍ਰਿਤ ਵਰਗ ਵਿੱਚੋਂ ਹਨ । ਦੋਵਾਂ ਨੇ ਡਾਕੇ ਮਾਰੇ , ਪਰ ਦੋਹਾਂ ਦੇ ਡਾਕੇ ਮਾਰਨ ਵਿੱਚ ਇੱਕ ਖੱਪਾ ਹੈ ; ਜਿਸਨੇ ਜਿਊਣੇ ਨੂੰ ਲੋਕ- ਨਾਇਕ ਦਾ ਦਰਜਾ ਦਿੱਤਾ । ਇਹ ਖੱਪਾ ਕਿਸ਼ਨੇ ਦਾ ਲੋਕਾਂ ਦੀ ਲੁੱਟ-ਮਾਰ ਕਰਕੇ ਦੌਲਤ ਦੇ ਲਾਲਚ ਵਿੱਚ ਡਾਕੂ ਬਣਨਾ ਹੈ , ਪਰ ਜਿਊਣੇ ਦਾ ਭਰਾ ਨਾਲ ਹੋਏ ਧੋਖੇ , ਅਮੀਰਾਂ ਨੂੰ ਲੁੱਟ ਕੇ ਗ਼ਰੀਬਾਂ ਵਿੱਚ ਵੰਡ ਦੇਣਾ , ਉਸਨੂੰ ਡਾਕੂ ਨਾ ਰਹਿ ਕੇ ਲੋਕਾਂ ਦਾ ਹਰਮਨਪਿਆਰਾ ਲੋਕ ਨਾਇਕ ਬਣਾ ਦਿੰਦਾ ਹੈ ।

ਲੋਕਗਾਥਾਵਾਂ ਵਿੱਚ ਹਾਸ਼ੀਆਕ੍ਰਿਤ ਦੀ ਪੇਸ਼ਕਾਰੀ ਦਾ ਸਮੁੱਚਾ ਅਧਿਐਨ ਮੇਨ ਸਟ੍ਰੀਮ ਵੱਲੋਂ ਹਾਸ਼ੀਏ 'ਤੇ ਧੱਕੇ ਵਿਭਿੰਨ ਵਰਗਾਂ ਦੀ ਪੇਸ਼ਕਾਰੀ ਹੈ । ਇੱਥੇ ਹਾਲ਼ੀਆਗਤ ਸ਼੍ਰੇਣੀ ਦਾ ਵਿਲੱਖਣ ਪਹਿਲੂ ਹਾਸ਼ੀਏ 'ਤੇ ਹੋ ਕੇ ਵੀ ਮੁੱਖਧਾਰਾ ਨਾਲ ਟੱਕਰ ਵਿੱਚ ਨਿਹਿਤ ਹੈ ।

## ਹਵਾਲੇ ਤੇ ਟਿੱਪਣੀਆਂ

1. ਸੁਰਜੀਤ ਸਿੰਘ ,"ਪੰਜਾਬੀ ਸਬਾਲਟਰਨ ਪਛਾਣਾਂ ", https :// www. punjabis ahitchintan . blogspot.com . // , 26 ਨਵੰਬਰ , 2012.

2. ਜਸਵਿੰਦਰ ਸਿੰਘ , "ਏ.ਜੇ.ਗ੍ਰੇਮਾਸ ", ਪ੍ਰਮੁੱਖ ਪੱਛਮੀ ਸਾਹਿਤ ਚਿੰਤਕ , ਅਜੀਤ ਸਿੰਘ ਕੱਕੜ (ਸੰਪਾ.) , ਭਾਸ਼ਾ ਵਿਭਾਗ , ਪੰਜਾਬ , ਪਟਿਆਲਾ , 1997, ਪੰਨਾ 11.

3. ਸੁਖਦੇਵ ਮਾਦਪੁਰੀ , ਪੰਜਾਬੀ ਲੋਕ ਗਾਥਾਵਾਂ ਜਿਨ੍ਹਾਂ ਵਣਜ ਦਿਲਾਂ ਦੇ ਕੀਤੇ , ਚੇਤਨਾ ਪ੍ਰਕਾਸ਼ਨ , ਲੁਧਿਆਣਾ , 2013,ਪੰਨਾ 130.

4. ਓਹੀ , ਪੰਨਾ 96.

5. ਓਹੀ, ਪੰਨਾ 65.

6. ਓਹੀ , ਪੰਨਾ 67.

7. ਓਹੀ , ਪੰਨਾ 59.

8. ਜਸਵਿੰਦਰ ਸਿੰਘ , "ਲੋਕਧਾਰਾ ਅਤੇ ਆਧੁਨਿਕਤਾ : ਬਦਲਦੇ ਅਧਿਐਨ ਪਰਿਪੇਖ ", ਲੋਕਧਾਰਾ ਅਤੇ ਆਧੁਨਿਕਤਾ ਰੂਪਾਂਤਰਣ ਅਤੇ ਪੁਨਰ-ਮੁਲਾਂਕਣ , ਪਬਲੀਕੇਸ਼ਨ ਬਿਊਰੋ , ਪੰਜਾਬੀ ਯੂਨੀਵਰਸਿਟੀ ਪਟਿਆਲਾ, 2011 , ਪੰਨਾ 8.